**BCM SCHOOL, BASANT AVENUE ,DUGRI ROAD, LUDHIANA**

**Assignment May (2025-2026)**

**CLASS -IX SUB -PUNJABI(004)**

| | | |
|---|---|---|
| | **ਭਾਗ ਪਹਿਲਾ (ਪੜਨ ਕੌਸ਼ਲ)** | |
| **1.** | **ਹੇਠ ਲਿਖੀ ਅਣਡਿੱਠੀ ਕਾਵਿ ਟੁਕੜੀ ਨੂੰ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:-**<br>ਰਲ ਖੇਡਾਂ ਖੇਡਣ ਬੱਚੇ, ਭੋਲੇ-ਭਾਲੇ ਦਿਲ ਦੇ ਸੱਚੇ ।<br>ਗਲੀਆਂ ਦੇ ਵਿੱਚ ਰੌਲ਼ਾ ਪਾਵਣ, ਨਾਲ ਖ਼ੁਸ਼ੀ ਦੇ ਹੇਕਾਂ ਲਾਵਣ।<br>ਨੱਚਣ-ਟੱਪਣ, ਮਾਰਨ ਤਾੜੀ, ਬਣ ਜਾਂਦੇ ਝੱਟ ਪੱਕੇ ਆੜੀ।<br>ਇੱਕ-ਦੂਜੇ ਨੂੰ ਹਾਕਾਂ ਮਾਰਨ, ਸਾਥ ਮੜਿੱਕ ਕੇ ਦਾਈ ਤਾਰਨ ।<br>ਲੁਕਣ-ਮੀਚੀ ਖੇਡਦੇ ਨੱਸਣ, ਲੱਭਣ ਪਿੱਛੋਂ ਖਿੜ-ਖਿੜ ਹੱਸਣ।<br>ਖੇਡਣ ਕੋਟਲਾ-ਛਪਾਕੀ, ਘੁੰਮੇ ਇੱਕ ਤੇ ਬੈਠਣ ਬਾਕੀ।<br>ਕੂਕਾਂ-ਕਾਂਗੜੇ ਖੇਡ ਨਿਆਰੀ, ਸਭ ਨੂੰ ਲੱਗੇ ਬੜੀ ਪਿਆਰੀ<br>**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**<br>**ੳ.** ਕਾਵਿ ਟੁਕੜੀ ਵਿੱਚ ਕਿਹੜੀਆਂ ਪੁਰਾਤਨ ਖੇਡਾਂ ਦੇ ਨਾਮ ਆਏ ਹਨ?<br>**ਅ.** ਲੁਕਣ ਮਿਚੀ ਖੇਡ ਵਿੱਚ ਕੀ ਕੀਤਾ ਜਾਂਦਾ ਹੈ?<br>**ੲ.** ਬੱਚੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਿਵੇਂ ਕਰਦੇ ਹਨ? | |
| | **ਭਾਗ ਦੂਜਾ (ਵਿਆਕਰਨ)** | |
| **2.** | **ਲਿੰਗ ਬਦਲੋ:-**<br>**ੳ)** 'ਅੰਮ੍ਰਿਤਸਰਨ' ਦਾ ਪੁਲਿੰਗ ਸ਼ਬਦ ਲਿਖੋ?<br>1. ਅੰਮ੍ਰਿਤਸਰ 2. ਅੰਮ੍ਰਿਤਸਰੀ 3. ਅੰਮ੍ਰਿਤਸਰੀਆ 4. ਕੋਈ ਵੀ ਨਹੀਂ<br>**ਅ)** 'ਕੰਧ' ਕਿਹੜਾ ਸ਼ਬਦ ਹੈ ਇਸਤਰੀ ਲਿੰਗ ਜਾਂ ਪੁਲਿੰਗ?<br>1. ਇਸਤਰੀ ਲਿੰਗ 2. ਪੁਲਿੰਗ 3. ਬਾਹਰੀ ਲਿੰਗ 4. ਕੋਈ ਵੀ ਨਹੀਂ | |
| **3.** | **ਮੁਹਾਵਰੇ:- ਹੇਠ ਲਿਖੇ ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਏ**<br>ਉੱਲੂ ਸਿੱਧਾ ਕਰਨਾ, ਉੱਲੂ ਬਣਾਉਣਾ, ਊਟ ਪਟਾਂਗ ਬੋਲਣਾ, ਊਠ ਦੇ ਗਲ ਟੱਲੀ | |

| | | |
|---|---|---|
| | **ਭਾਗ ਤੀਜਾ(ਲਿਖਣ ਕੌਸ਼ਲ)** | |
| **4.** | **ਪੱਤਰ ਲਿਖੋ**: ਤੁਹਾਡੇ ਇੱਕ ਮਿੱਤਰ ਦੇ ਘਰ ਚੋਰੀ ਹੋ ਗਈ ਹੈ ਜਿਸ ਵਿੱਚ ਉਸ ਦਾ ਕਾਫੀ ਭਾਰਾ ਨੁਕਸਾਨ ਹੋ ਗਿਆ ਇਸ ਸਬੰਧੀ ਆਪਣੀ ਮਾਤਾ ਪਿਤਾ ਨੂੰ ਜਾਣਕਾਰੀ ਦਿੰਦੇ ਹੋਏ ਸੁਚੇਤ ਰਹਿਣ ਸੰਬੰਧੀ ਇੱਕ ਪੱਤਰ ਲਿਖੋ। <br><br> **ਤਸਵੀਰ ਵਰਨਣ** <br><br>   | |
| | **ਭਾਗ ਚੌਥਾ (ਪਾਠ ਪੁਸਤਕ ਨਾਲ ਸੰਬੰਧਿਤ)** | |
| **5.** | **ਅਤਿ ਛੋਟੇ ਪ੍ਰਸ਼ਨ ਉੱਤਰ (ਕਹਾਣੀ, ਵਾਰਤਕ, ਕਵਿਤਾ ) ਸਾਰੇ ਪ੍ਰਸ਼ਨ ਹੱਲ ਕਰੋ** <br> **ੳ)** ਸਮਾਂ ਕਵਿਤਾ ਦੇ ਅਨੁਸਾਰ ਕਿਹੜੀ ਚੀਜ਼ ਰੁਕਣਾ ਨਹੀਂ ਜਾਣਦੀ? <br> 1) ਸਮਾਂ 2) ਸੋਚ 3) ਇਨਸਾਨੀਅਤ 4) ਕੋਈ ਵੀ ਨਹੀਂ <br> **ਅ)** ਜੁਗਲ ਪ੍ਰਸਾਦ ਦੇ ਕਿੰਨੇ ਬੱਚੇ ਸਨ? <br> 1) ਚਾਰ 2) ਪੰਜ 3) ਇੱਕ 4) ਦੋ <br> **ੲ)** ਇੱਕ ਕੋਹ ਵਿੱਚ ਕਿੰਨੇ ਕਿਲੋਮੀਟਰ ਦਾ ਫਾਸਲਾ ਹੁੰਦਾ ਹੈ? <br> 1) ਦੋ ਕੁ ਕਿਲੋਮੀਟਰ 2) ਚਾਰ ਕੁ ਕਿਲੋਮੀਟਰ 3) 8 ਕੁ ਕਿਲੋਮੀਟਰ 4) 1 ਕੁ ਕਿਲੋਮੀਟਰ | |